


## *ਜੁਗ-ਜੁਗ ਜੀਵੇ ਮਾਨਾ, ਮਾਣ ਪੰਜਾਬੀ ਬੋਲੀ ਦਾ*

# ਗਾਇਕੀ ਦੇ ਅੰਬਰ ਦਾ ਧਰੂ-ਤਾਰਾ - ਗੁਰਦਾਸ ਮਾਨ



ਗੁਰਦਾਸ ਮਾਨ ਜੱਟ ਸਿੱਖ ਹੈ। ਸਿਆਣੇ ਕਹਿੰਦੇ ਨੇ ਗਾਉਣਾ ਜੱਟ ਦੇ ਵੱਸ ਦਾ ਰੋਗ ਨਹੀਂ। ਪਰ ਗੁਰਦਾਸ ਨੇ ਸੰਗੀਤ ਦੀ ਵਰਣਮਾਲਾ ਆਪਣੇ ਦਿਮਾਗ ਵਿਚ ਇਸ ਤਰ੍ਹਾਂ ਬਿਠਾਈ ਖੁਦ ਸੰਗੀਤ ਦਾ ਉਸਤਾਦ ਬਣ ਬੈਠਾ। ਗੁਰਦਾਸ ਮਾਨ ਇਕ ਅਲਬੇਲਾ ਕਲਕਾਰਾ ਹੈ ਪਰ ਉਹ ਸੂਖਮ ਤੇ ਦਰਦਮੰਦ ਦਿਲ ਦਾ ਮਾਲਕ ਹੈ। ਇਸ ਹੀ ਦਰਦਮੰਦ ਦਿਲ ਨੇ ਉਸ ਨੂੰ ਗਾਉਣ ਵੱਲ ਪ੍ਰੇਰਿਆ। ਸਰੂ ਜਿਹਾ ਕੱਦ ਗਜ ਚੋੜੀ ਛਾਤੀ ਵਾਲਾ ਛੈਲ-ਛਬੀਲਾ ਬਾਂਕਾ ਗੱਭਰੂ ਜਦੋਂ ਸਟੇਜ ਤੇ ਹੱਥ ਵਿਚ ਡਫਲੀ ਫੜ ਕੇ ਗਾਉਂਦਾ ਹੈ -

**ਜਾਉ ਨੀ ਕੋਈ ਮੋੜ ਲਿਆਵੋ,**
**ਮੇਰੇ ਨਾਲ ਗਿਆ ਅੱਜ ਲੜਕੇ।**
**ਅੱਲਾ ਕਰੇ ਜੇ ਸੋਹਣਾ ਮੁੜ ਆਵੇ,**
**ਦੇਵਾਂ ਜਾਨ ਕਦਮਾਂ ਵਿਚ ਧਰਕੇ।**

ਤਾਂ ਉਡੇ ਜਾਂਦੇ ਜਨੌਰ ਕੀਲੇ ਜਾਂਦੇ ਹਨ। ਸਤਲੁਜ ਦਾ ਪਾਣੀ ਕਲੋਲਾਂ ਕਰਨੀਆਂ ਭੁੱਲ ਜਾਂਦੇ ਹਨ ਹਵਾ ਦਾ ਬੁੱਲਾ ਵੀ ਆਪਣੇ ਆਪ ਨੂੰ ਥੰਮ ਲੈਂਦਾ ਹੈ।

ਜੇ ਉਸਤਾਦ ਯਮਲਾ ਜੱਟ ਜੀ ਨੇ ਤੂੰਬੀ ਨੂੰ ਇੱਜ਼ਤ ਦਿਵਾਈ ਹੈ ਤਾਂ ਗੁਰਦਾਸ ਨੇ ਡਫਲੀ ਨੂੰ ਸੰਗੀਤਕ ਹਲਕੇ ਵਿਚ ਹਰਮਨ ਪਿਆਰਾ ਬਣਾਇਆ।

ਗੁਰਦਾਸ ਕਦੇ ਇਸ਼ਕ ਮੁਹੱਬਤ ਦੀ ਗੱਲ ਕਰਦਾ ਹੈ ਅਤੇ ਕਦੇ ਆਪਣੀ ਮਾਂ ਬੋਲੀ ਪੰਜਾਬੀ ਲਈ ਤਰਲੇ ਪਾਉਂਦਾ ਹੈ -

**ਪੰਜਾਬੀਏ ਜ਼ੁਬਾਨੇ ਨੀ ਰਕਾਨੇ ਮੇਰੇ ਦੇਸ਼ ਦੀਏ,**
**ਫਿੱਕੀ ਪੈ ਗਈ ਤੇਰੀ ਕਿਉਂ ਚਿਹਰੇ ਦੀ ਨੁਹਾਰ,**
**ਸਿੱਖੀਆਂ ਖਿਲਾਰੀ ਫਿਰੇ ਬੁੱਲੇ ਦੀਏ ਕਾਫੀਏ ਨੀ,**
**ਕੀਹਨੇ ਲਾਹ ਲਿਆ ਤੇਰਾ ਨੀ ਸਿੰਗਾਰ।**

ਗੁਰਦਾਸ ਮਾਨ ਵਾਕਿਆ ਹੀ ਹੰਕਾਰ ਰਹਿਤ ਆਦਮੀ ਹੈ ਮੋਹ-ਭਿੱਜੇ ਖ਼ਤ ਵਰਗਾ ਹੈ, ਹਮੇਸ਼ਾ ਆਪਣੇ ਆਪ ਨੂੰ ਨਿਮਾਣਾ ਤੁਛ ਜਿਹਾ ਸਮਝਦਾ ਹੈ-

**ਮੈਂ ਮਿੱਟੀ ਮੇਰੀ ਜਾਤ ਵੀ ਮਿੱਟੀ,**
**ਮੇਰੇ ਗਲ ਮਿੱਟੀ ਦਾ ਬਾਣਾ।**
**ਮਾਂ ਮੇਰੀ ਨੇ ਮਿੱਟੀ ਜੰਮੀ,**
**ਮੇਰਾ ਨਾਂ ਰੱਖਿਆ ਮਰਜਾਣਾ।**

ਪੰਜਾਬ ਦਾ ਘੁੱਗ ਵਸਦਾ ਕਸਬਾ ਗਿੱਦੜਬਾਹਾ ਜਿਥੇ ਪਹਿਲਾਂ ਸਤ ਫੋਟਿਆਂ ਮਾਰਕਾ ਵਾਲੀ ਨਾਮਵਰ ਕਰਕੇ ਮਸ਼ਹੂਰ ਸੀ ਅਤੇ ਹੁਣ ਪੰਜਾਬੀਆਂ ਦੇ ਹਰਦਿਲ ਅਜ਼ੀਜ਼ ਅਲਬੇਲੇ ਸ਼ਾਇਰ ਫ਼ਨਕਾਰ ਗੁਰਦਾਸ ਮਾਨ ਕਰਕੇ ਮਸ਼ਹੂਰ ਹੈ। ਪਿਛਲੇ ਦਿਨੀ ਲੁਹਾਰੇ ਬਾਬਾ ਦਾਮੂ ਸ਼ਾਹ ਜੀ ਦੇ ਮੇਲੇ ਤੇ ਗੁਰਦਾਸ ਮਾਨ ਜੀ ਆਏ ਹੋਏ ਸਨ ਜਦ ਮੈਂ ਆਪਣੇ ਪਰਮ ਮਿੱਤਰ ਤੇ 'ਮਹਿਕ ਵਤਨ ਦੀ' ਦੇ ਚੀਫ਼ ਅਡੀਟਰ ਭਵਨਦੀਪ ਸਿੰਘ ਪੁਰਬਾ ਨਾਲ ਉਨ੍ਹਾਂ ਨੂੰ ਮਿਲਿਆ ਤਾਂ ਉਸ ਨੇ ਪੰਜਾਬੀ ਸੁਭਾਅ ਅਨੁਸਾਰ ਮੈਨੂੰ ਘੁੱਟ ਕੇ ਜੱਫੀ ਵਿਚ ਲੈ ਲਿਆ ਤਾਂ ਮੇਰਾ ਗਲਾ ਭਰ ਆਇਆ। ਇੰਨੀ ਮੁਹੱਬਤ, ਇੰਨਾ ਖਲੂਸ ਉਸ ਕੋਲੋ ਮੈਨੂੰ ਆਪਣੀ ਜਨਮੀ ਭੋਇੰ ਦੀ ਮਹਿਕ ਵਰਗੀ ਮਹਿਕ ਆਉਣ ਲੱਗੀ। ਭਾਵੇਂ ਇਹ ਸਾਡੀ ਪਹਿਲੀ ਮੁਲਾਕਾਤ ਸੀ ਪਰ ਗੁਰਦਾਸ ਨੇ ਮਹਿਸੂਸ ਨਹੀਂ ਹੋਣ ਦਿੱਤਾ। ਇਸ ਮਾਣਮੱਤ ਅਲਬੇਲੇ ਫ਼ਨਕਾਰ ਦੀ ਜੱਫੀ ਵਿਚ ਮੈਂ ਆਪਣੇ ਆਪ ਨੂੰ ਬੜਾ ਵੱਡਾ ਤੇ ਮਾਣਮੱਤਾ ਮਹਿਸੂਸ ਕਰਨ ਲੱਗ ਪਿਆ। ਜੋ ਉਨ੍ਹਾਂ ਨਾਲ ਸਾਡੀ ਗੱਲਬਾਤ ਹੋਈ ਉਹੀ ਗੱਲਬਾਤ ਨੂੰ ਰੂ-ਬ-ਰੂ ਮਹਿਕ ਵਤਨ ਦੀ ਦੇ ਪਾਠਕਾਂ ਦੇ ਸਨਮੁੱਖ ਕਰਨ ਦਾ ਸਰਫ ਹਾਸਲ ਕਰ ਰਿਹਾ ਹਾਂ

**? ਆਪਣੀ ਜਨਮ ਭੋਇੰ ਬਾਰੇ ਦੱਸੋ?**

- ਮੇਰੀ ਜਨਮ ਭੋਇੰ ਪੰਜਾਬ ਦਾ ਘੁੱਗ ਵਸਦਾ ਕਸਬਾ ਗਿੱਦੜਬਾਹਾ ਹੈ। ਮੇਰਾ ਜਨਮ 4 ਜਨਵਰੀ 1962 ਨੂੰ ਸ੍ਰ. ਗੁਰਦੇਵ ਸਿੰਘ ਘਰ ਮਾਤਾ ਤੇਜ ਕੌਰ ਦੀ ਕੁੱਖੋਂ ਹੋਇਆ। ਮੇਰਾ ਭਰਾ ਗੁਰ ਪੰਥ ਸਿੰਘ ਹੈ ਅਤੇ ਭੈਣ ਜਸਬੀਰ ਕੌਰ। ਪਤਨੀ ਮਨਜੀਤ ਮਾਨ ਅਤੇ ਲੜਕਾ ਗੁਰਇੱਕ ਮਾਨ।

**? ਗਾਉਣ ਦੀ ਚੇਟਕ ਕਿਵੇਂ ਲੱਗੀ।**

- ਗਾਉਣ ਮੈਨੂੰ ਬਚਪਨ ਤੋਂ ਹੀ ਚੰਗਾ ਲਗਦਾ ਸੀ ਬਸ ਮੈਂ ਤਰਵੇ-ਵ੍ਹਿਦੇ ਨੇ ਐਵੇਂ ਯਵਾਕਾਂ ਵਾਲੀ ਮੱਤ ਵਿਚ ਗਾਉਂਦੇ ਫਿਰਨਾ ਇਕ ਦਿਨ ਮੈਂ ਕਿਸੇ ਨੂੰ ਕੱਦ ਦੀ ਤੂੰਬੀ ਬਣਾਉਂਦੇ ਵੇਖਿਆ ਮੈਂ ਘਰੇ ਆ ਕੇ ਇਕ ਕੁੱਜੀ ਚੁੱਕੀ ਉਸ ਵਿਚੋਂ ਆਰ-ਪਾਰ ਸੁਰਾਖ ਕਰਕੇ ਵਿਚ ਡੰਡਾ ਫਸਾ ਕੇ ਉਪਰ ਤਾਰ ਲਾ ਕੇ ਆਪਣੀ ਦੇਸੀ ਤੂੰਬੀ ਤਿਆਰ ਕਰ ਲਈ। ਭਾਵੇਂ ਉਸ ਦੀ ਆਵਾਜ਼ ਤਾਂ ਮੋਟੀ ਜਿਹੀ ਸੀ ਪਰ ਅੰਦਰੋਂ ਮਨ ਬਹੁਤ ਖੁਸ਼ ਸੀ।

**? ਘਰਦਿਆਂ ਦਾ ਕਿੰਨਾ ਕੁ ਸਹਿਯੋਗ ਸੀ।**

- ਪੁੱਛੋ ਨਾ ਇਹ ਗੱਲ ਪਹਿਲਾਂ ਤਾਂ ਘਰਦੇ ਗਾਉਣ ਦੇ ਨਾਂ ਤੋਂ ਹੀ ਘਰ ਸਿਰ ਚੁੱਕ ਲੈਂਦੇ ਸੀ ਪਿਤਾ ਜੀ ਨਹੀਂ ਸਨ ਚਾਹੁੰਦੇ ਕਿ ਉਨ੍ਹਾਂ ਦਾ ਮੁੰਡਾ ਗਾਉਣ ਵਰਗੇ ਕਿੱਤੇ ਨੂੰ ਅਪਨਾਵੇ। ਪਰ ਬਾਅਦ ਵਿਚ ਸਭ ਠੀਕ ਹੋ ਗਿਆ।

**? ਪਹਿਲੀ ਵਾਰ ਗਾਉਣ ਦਾ ਸਬੱਬ ਕਿਵੇਂ ਬਣਿਆ।**

- ਫਿਜ਼ੀਕਲ ਕਾਲਜ ਦੇ ਵਿਦਿਆਰਥੀ ਦਾ ਇਕ ਗਰੁੱਪ ਯੂਥ ਫੈਸਟੀਵਲ ਪ੍ਰੋਗਰਾਮ ਵਿਚ ਹਿੱਸਾ ਲੈਣ ਲਈ ਲਖਨਊ ਗਿਆ। ਫੈਸਟੀਵਲ ਵਿਚ ਹਿੱਸਾ ਕਿਸੇ ਵਜਾ ਕਾਰਣ ਨਾ ਲੈ ਸਕੇ। ਸਕੀਮ ਬਣਾਈ ਆਗਰੇ ਤਾਜ ਮਹੱਲ ਵੇਖਣ ਚੱਲੀਏ ਉਥੇ ਇਕ ਆਰਮੀ ਦੇ ਅਫਸਰ ਨਾਲ ਮੁਲਾਕਾਤ ਹੋ ਗਈ। ਰੇਜਮੈਂਟ ਦੇ ਇਕ ਜਸ਼ਨ ਵਿਚ ਗਾਉਣ ਦਾ ਮੌਕਾ ਮਿਲਿਆ ਬੱਸ ਉਥੋਂ ਹੀ ਸ਼ੁਰੂਆਤ ਹੋ ਗਈ।

**? ਸੁਣਿਆ ਤੁਸੀਂ ਨੌਕਰੀ ਵੀ ਕੀਤੀ ਹੈ।**

- ਹਾਂ ਜੀ ਮੈਂ ਫਿਜ਼ੀਕਲ ਦੇ ਲੈਕਚਰਾਰ ਵਜੋਂ ਸਰਕਾਰੀ ਕਾਲਜ ਮੁਕਤਸਰ ਨੌਕਰੀ ਕੀਤੀ ਫਿਰ ਕੁਝ ਚਿਰ ਡੇਰਾ ਬਸੀ ਵੀ ਪੜ੍ਹਾਉਂਦਾ ਰਿਹਾ।

**? ਬਿਜਲੀ ਬੋਰਡ ਵਿਚ ਵੀ ਨੌਕਰੀ ਕੀਤੀ ਸੀ।**

- ਬਿਜਲੀ ਬੋਰਡ ਦੇ ਆਡਿਟ ਵਿਭਾਗ ਦਾ ਇਕ ਅਫ਼ਸਰ ਸੀ ਸ਼ੀਮਾਨ ਭਸੀਨ ਜੀ ਉਨ੍ਹਾਂ ਨੇ ਮੈਨੂੰ ਆਪਣੇ ਦਫ਼ਤਰ ਵਿਚ ਡਾਕ ਛਾਂਟਣ ਦੇ ਕੰਮ ਤੇ ਲਾ ਲਿਆ।

**? ਨੌਕਰੀ ਛੱਡੀ ਕਿਉਂ।**

- ਹੱਸਦੇ ਹੋਏ, ਗਾਇਕੀ ਦਾ ਫਤੂਰ ਕੁਝ ਜਿਆਦਾ ਹੀ ਹੋ ਗਿਆ ਸੀ ਜਿਹੜੀ ਡਾਕ ਆਉਂਦੀ ਮੈਂ ਪੂਰੇ ਦਾ ਪੂਰਾ ਬੰਡਲ ਇਕ ਬੋਰੀ ਵਿਚ ਪਾ ਦਿੰਦਾ ਇਕ ਦਿਨ ਰੌਲਾ ਪੈ ਗਿਆ ਗੁੰਮ ਹੋਈਆਂ ਚਿੱਠੀਆਂ ਦੀ ਨੱਕੋ-ਨੱਕ ਭਰੀ ਬੋਰੀ ਮਿਲ ਗਈ ਭਸੀਨ ਸਾਹਿਬ ਜੀ ਨੇ ਸੱਦਿਆ ਕਿਉਂ ਕਾਕਾ ਤੇਰਾ ਦਿਲ ਨਹੀਂ ਕਰਦਾ ਕੰਮ ਕਰਨ ਨੂੰ ਮੈਂ ਤਾਂ ਉਸ, 'ਨੇਕਗ ਪੁਰਸ਼ ਅੱਗੇ ਰੋਈ ਜਾਵਾਂ ਉਨ੍ਹਾਂ ਨੇ ਕਿਹਾ ਜਾਹ ਤੂੰ ਆਪਣੇ ਸ਼ੋਕ ਨੂੰ ਮਰਨ ਨਾ ਦੇ ਇਸ ਨੂੰ ਪ੍ਰਫੁੱਲਤ ਕਰ। ਦਫ਼ਤਰ ਦੀ ਕਲਰਕੀ ਤੇਰੀ ਮੰਜ਼ਿਲ ਨਹੀਂ ਤੇਰੀ ਮੰਜ਼ਿਲ ਤਾਂ ਹੋਰ ਹੈ।



**? ਨਾਟਕਾਂ ਵਿਚ ਵੀ ਕੰਮ ਕੀਤਾ।**

- ਸਟੇਜ ਮੇਰੇ ਰੋਮ-ਰੋਮ ਵਿਚ ਰਚੀ ਹੋਈ ਹੈ। ਮੈਂ ਸਵਰਗੀ ਹਰਪਾਲ ਟਿਵਾਣਾ ਨਾਲ ਕੰਮ। ਉਨ੍ਹਾਂ ਤੋਂ ਬਹੁਤ ਕੁਝ ਸਿੱਖਿਆ।

**? ਕੋਈ ਨਾਟਕ ਯਾਦ ਹੈ?**

- ਹਾਂ-ਹਾਂ ਹਿੰਦ ਦੀ ਚਾਦਰ, ਸਤਿਆਮੇ ਜਯੰਤੇ, ਉਪੇਰਾ ਸੁਰਖ ਗੁਲਾਬ ਦੀ ਬੇਟੀ ਹੋਰ ਵੀ ਬਹੁਤ ਹਨ।

**? ਪਹਿਲਾਂ ਐਲ.ਪੀ. (ਤਵਾ) ਕਿਹੜਾ ਸੀ।**

- ਦਿਲ ਦਾ ਮਾਮਲਾ ਜੋ 1982 ਵਿਚ ਮਾਰਕੀਟ ਵਿਚ ਆਇਆ।

**? ਦੂਰਦਰਸ਼ਨ ਤੇ ਕਿਸ ਤਰ੍ਹਾਂ ਪਹੁੰਚ ਕੀਤੀ।**

- ਦੂਰਦਰਸ਼ਨ ਜਲੰਧਰ ਤੇ ਲਿਆਉਣ ਵਾਲੇ ਬਾਵਾ ਜੀ ਹਨ। ਮੇਰੀ ਸਭ ਤੋਂ ਪਹਿਲੀ ਰਿਕਾਰਡਿੰਗ ਦੂਰਦਰਸ਼ਨ ਦੇ ਪ੍ਰੋਗਰਾਮ ਜਵਾਂ ਤਰੰਗੀ ਵਿਚ ਸੰਨ 1978 ਵਿਚ ਹੋਈ ਜਿਥੇ ਮੈਂ ਗੀਤ ਗਾਇਆ।

**"ਲਾਈ ਬੇਕਦਰਾਂ ਨਾਲ ਯਾਰੀ,**
**ਟੁੱਟ ਗਈ ਤੜੱਕ ਕਰਕੇ।**

ਬਹੁਤ ਹੌਂਸਲਾ ਮਿਲਿਆ ਬਸ ਫਿਰ ਤਾਂ ਗੱਡੀ ਲੀਹ ਤੇ ਰਿੜ ਪਈ ਫਿਰ ਚੱਲ ਸੋ ਚੱਲ।

**? ਤੁਸੀਂ ਇਕ ਸਫ਼ਲ ਗਾਇਕ ਵੀ ਹੋ ਇਕ ਫ਼ਿਲਮ ਐਕਟਰ ਵੀ ਹੋ ਅਤੇ ਇਕ ਗੀਤਕਾਰ ਇੰਨਾ ਤਿੰਨਾਂ ਚੀਜ਼ਾਂ ਦਾ ਸੰਤੁਲਨ ਕਿਸ ਤਰ੍ਹਾਂ ਬਣਾ ਕੇ ਰੱਖਦੇ ਹੋ।**

- ਵੇਖੋ ਜਦੋਂ ਮੈਂ ਸਟੇਜ ਕਰ ਰਿਹਾ ਹੁੰਦਾ ਹਾਂ ਉਥੇ ਮੈਂ ਸਿਰਫ਼ ਇਕ ਗਾਇਕ ਹੀ ਹੁੰਦਾ ਹਾਂ ਫ਼ਿਲਮ ਵਿਚ ਜਦੋਂ ਮੈਂ ਐਕਟਿੰਗ ਕਰਦਾ ਉਸ ਵਕਤ ਮੇਰੇ ਦਿਮਾਗ ਵਿਚ ਫ਼ਿਲਮ ਵਿਚਲਾ ਕਿਰਦਾਰ ਹੀ ਹੁੰਦਾ ਹੈ ਅਤੇ ਗੀਤਕਾਰੀ ਵੇਲੇ ਮੈਂ ਦੂਸਰੇ ਦੋਵਾਂ ਕੰਮਾਂ ਨੂੰ ਪਾਸੇ ਰੱਖ ਕੇ ਗੀਤਕਾਰੀ ਵਿਚ ਹੀ ਮਗਨ ਹੁੰਦਾ ਹਾਂ। ਕਿਉਂਕਿ ਗੀਤ ਲਿਖਣਾ ਸਭ ਤੋਂ ਜ਼ਿਆਦਾ ਔਖਾ ਹੈ। ਜਿਹੜਾ ਇਸ ਦੌਰ ਵਿਚੋਂ ਦੀ ਗੁਜਰਦਾ ਉਸ ਨੂੰ ਹੀ ਪਤਾ ਗੀਤਕਾਰੀ ਦਾ ਘਰ ਕਿੱਥੇ ਕੁ ਹੈ।

**? ਗੀਤਕਾਰੀ ਲਈ ਸਮਾਂ ਕਿਵੇਂ ਕਢਦੇ ਹੋ।**

- ਮੈਂ ਮਸ਼ਰੂਫ ਤਾਂ ਬਹੁਤ ਰਹਿੰਦਾ ਅੱਜ ਇਥੇ ਭਲਕੇ ਹੋਰ ਕਿਤੇ ਪਰ ਮੈਨੂੰ ਗੀਤਕਾਰੀ ਲਈ ਇਕਾਂਤ ਨਹੀਂ ਚਾਹੀਦਾ ਬਸ ਜਦੋਂ ਦਿਮਾਗ ਨੇ ਕੋ ਸੋਹਣੇ ਜਿਹੇ ਮੁਖੜੇ ਨੂੰ ਜਨਮ ਦੇ ਦਿੱਤਾ ਕਾਪੀ ਤੇ ਉਕਰ ਦੇਈਦਾ। ਭਾਵੇਂ ਸਫ਼ਰ ਵੀ ਕਰਦੇ ਹੋਈਏ ਬਸ ਮਨ ਵਿਚ ਟਿਕਾ ਹੋਣਾ ਚਾਹੀਦਾ। ਗੀਤ ਆਪਣੇ ਆਪ ਹੀ ਬਣ ਜਾਂਦਾ।

**? ਤੁਹਾਡਾ ਇਕ ਗੀਤ ਹੈ ਪਿੰਡ ਦੀਆਂ ਗਲੀਆਂ ਉਸ ਵਿਚਲੀ ਸ਼ਬਦਾਵਲੀ ਪੇਂਡੂ ਭਾਸ਼ਾ ਨਾਲ ਲਬਰੇਜ਼ ਹੈ ਤੁਹਾਡਾ ਆਪਣਾ ਉਸ ਵਿਚੋਂ ਬਚਪਨ ਝਲਕਦਾ।**

- ਜਿਥੇ ਮਰਜ਼ੀ ਚਲੇ ਜਾਉ। ਜਨਮ ਭੋਇੰ ਦੀ ਤਾਂਘ ਤਾਂ ਤੁਹਾਡੇ ਦਿਲ ਵਿਚ ਰਹੇਗੀ ਨਾਲੇ ਜੁਆਕ ਤਾਂ ਬਾਦਸ਼ਾਹ ਹੁੰਦੇ ਹਨ। ਉਨ੍ਹਾਂ ਨੂੰ ਨਹੀਂ ਪਤਾ ਹੁੰਦਾ ਉਚ-ਨੀਚ ਦਾ ਇਕ-ਦੂਜੇ ਤੋਂ ਜੂਠੀਆਂ ਚੀਜ਼ਾਂ ਖੋਹ ਕੇ ਖਾ ਲੈਂਦੇ ਨੇ। ਮੇਰੇ ਦਿਮਾਗ ਵਿਚ ਵੀ ਇਹ ਸਾਰੀਆਂ ਬਚਪਨ ਵਾਲੀਆਂ ਗੱਲਾਂ ਯਾਦ ਹਨ। ਰਾਤ ਨੂੰ ਸੁਪਨਿਆਂ ਵਿਚ ਵੀ ਕਦੇ-ਕਦੇ ਇਹੋ ਜਿਹਾ ਕੁਝ ਯਾਦ ਆ ਜਾਂਦਾ ਜਦੋਂ ਤੜਕੇ ਉਠੀਦਾ ਤਾਂ ਮਨ ਖੁਸ਼ ਜਿਹਾ ਹੋ ਜਾਂਦਾ ਬਸ ਇੰਨਾ ਸਾਰੀਆਂ ਚੀਜ਼ਾਂ ਨੇ ਹੀ ਇਹ ਗੀਤ ਲਿਖਵਾਇਆ।

**? ਤੁਹਾਡਾ ਇਕ ਹੋਰ ਗੀਤ ਪਿੱਛੇ ਜਿਹੇ ਆਇਆ 'ਹੀਰ' ਜੇ ਉਸ ਨੂੰ ਹੁਣ ਤੱਕ ਦੇ ਗੀਤਕਾਰੀ ਦੇ ਦੌਰ ਵਿਚੋਂ ਤੁਹਾਡਾ ਸ਼ਾਹਕਾਰ ਮੰਨ ਲਿਆ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ।**

- ਛੋਟੇ ਵੀਰ ਕੁਲਵਿੰਦਰ ਧਿਆਨ ਨਾਲ ਸੁਣ ਹੀਰ ਮਾਈ ਤੇ ਮੀਆਂ ਰਾਂਝਾ ਸਾਡੀ ਵਿਰਾਸਤ ਹੈ, ਸਾਡਾ ਸਭਿਆਚਾਰ ਹੈ, ਉਨ੍ਹਾਂ ਦੇ ਪਿਆਰ 'ਚ ਪਾਕੀਜਗੀ ਸੀ, ਸ਼ਰਮਾ, ਹਯਾ ਸੀ। ਉਨ੍ਹਾਂ ਲਈ ਲਿਖਣਾ ਸੂਰਜ ਨੂੰ ਦੀਵਾ ਵਿਖਾਉਣਾ। ਮੈਂ ਅੱਧੀ ਮੀਆਂ ਵਾਰਿਸ ਸ਼ਾਹ ਦੀ ਹੀਰ ਨੌਵੀਂ ਕਲਾਸ ਵਿਚ ਹੀ ਪੜ੍ਹ ਲਈ ਬਸ ਇਹ ਤਾਂ ਉਨ੍ਹਾਂ ਦੀ ਇਬਾਦਤ ਹੈ ਉਨ੍ਹਾਂ ਦੇ ਸੱਚੇ-ਸੁੱਚੇ ਪਿਆਰ ਲਈ ਗੀਤ ਰਾਹੀਂ ਛੁੱਟ ਭੇਟ ਕੀਤੇ ਬਾਕੀ ਕਦਰਦਾਨ ਨੇ ਹੀਰੇ ਦੀ ਪਛਾਣ ਤਾਂ ਆਪਣੇ ਆਪ ਹੀ ਕਰ ਦੇਣੀ ਹੁੰਦੀ ਹੈ।

**? ਤੁਹਾਨੂੰ ਕਿਹੜੇ ਗਾਇਕ ਦਾ ਗੀਤ ਪਸੰਦ ਹੈ?**

- ਜਨਾਬ ਅਨਾਇਤ ਅਲੀ ਖਾਂ ਦਾ ਛੱਲਾ।

**? ਗਾਇਕੀ ਵਿਚ ਤੁਹਾਡੇ ਉਸਤਾਦ ਕੌਣ ਹਨ।**

- ਪੰਡਿਤ ਆਤਮ ਪ੍ਰਕਾਸ਼ ਅਤੇ ਜਨਾਬ ਚਰਨਜੀਤ ਆਹੂਜਾ ਜੀ।

**? ਤੁਹਾਨੂੰ ਆਪਣੀ ਫ਼ਿਲਮ ਵਿਚ ਕਿਹੜਾ ਰੋਲ ਪਸੰਦ ਹੈ।**

- ਵੈਸੇ ਕਲਾਕਾਰ ਤਾਂ ਆਪਣੀ ਸਾਰੀ ਐਨਰਜੀ ਉਸ ਕਰੈਕਟਰ ਤੇ ਲਾ ਦਿੰਦਾ ਹੈ ਤਾਂ ਕਿ ਫ਼ਿਲਮ ਵਿਚਲਾ ਉਸ ਦਾ ਕਿਰਦਾਰ ਦਮਦਾਰ ਹੋਵੇ ਮੈਨੂੰ ਆਪਣੇ ਸਾਰੇ ਹੀ ਰੋਲ ਪਸੰਦ ਹਨ ਚਾਹੇ ਪੰਜਾਬੀ ਫ਼ਿਲਮ ਵਿਚ ਹੋਵੇ ਜਾਂ ਹਿੰਦੀ ਫ਼ਿਲਮ ਵਿਚ।

**? ਅੱਜਕਲ੍ਹ ਬਹੁਤੇ ਗਾਇਕ ਅਤੇ ਗੀਤਕਾਰ ਗਾਉਣ ਅਤੇ ਲਿਖਣ ਪਹਿਲਾਂ ਲੱਗ ਜਾਂਦੇ ਹਨ ਉਸਤਾਦ ਬਾਅਦ ਵਿਚ ਬਣਾਉਂਦੇ ਹਨ।**

- ਇਹੋ ਹੀ ਤਾਂ ਮਾੜੀ ਗੱਲ ਹੈ ਜੇ ਉਸਤਾਦ ਦੀਆਂ ਝਿੜਕਾਂ ਖਾਵੋਗੇ ਤਾਂ ਹੀ ਉਨ੍ਹਾਂ ਕੋਲੋਂ ਕੁਝ ਸਿਖੋਗੇ ਉਸਤਾਦ ਦੀ ਸਾਰੀ ਉਮਰ ਇਹੋ ਕੰਮ ਵਿਚ ਹੀ ਲੰਘੀ ਹੁੰਦੀ ਹੈ ਉਸ ਨੂੰ ਜ਼ਿੰਦਗੀ ਦਾ ਤਜ਼ਰਬਾ ਹੁੰਦਾ ਉਹ ਆਪਣੇ ਤਜ਼ਰਬਿਆਂ ਨੂੰ ਹੀ ਤੁਹਾਡੇ ਨਾਲ ਸਾਂਝੇ ਕਰਦਾ। ਬਾਕੀ ਰਹੀ ਗੀਤਕਾਰ ਵੀਰਾ "ਕੀ ਗੱਲ ਹੁਣ ਤਾਂ ਹਰ ਜਣਾ-ਖਣਾ ਹੀ ਗੀਤਕਾਰ ਬਣਿਆ ਫਿਰਦਾ। ਅਗੇ ਚੰਦ ਕੁ ਬੰਦੇ ਹੁੰਦੇ ਸਨ ਜਿਨ੍ਹਾਂ ਦੇ ਨਾਂ ਰਸੀਦੀ ਟਿਕਟ ਤੇ ਭਾਵੇਂ ਲਿਖ ਲਵੋ। ਲਿਖਣਾ ਚੰਗੀ ਗੱਲ ਹੈ। ਮੀਟਰ ਵਿਚ ਲਿਖੋ। ਕਿੰਨੇ ਸਬਜੈਕਟ ਨੇ ਲਿਖਣ ਲਈ। ਜਿਹੜੇ ਵਿਸ਼ੇ ਤੇ ਮਰਜ਼ੀ ਗੀਤ ਲਿਖ ਲਵੋ ਪਰ ਨਵੀਂ ਪਨੀਰੀ ਤਾਂ ਸਿਰਫ਼ ਇਸ਼ਕ-ਮੁਸ਼ਕ ਤੱਕ ਹੀ ਸੀਮਿਤ ਰਹਿ ਗਈ ਹੈ।

**? ਪੰਜਾਬੀ ਗਾਇਕੀ ਵਿਚ ਦਿਨੋ-ਦਿਨ ਲੱਚਰਤਾ ਭਾਰੂ ਹੋ ਰਹੀ ਹੈ। ਕੀ ਕਹੋਗੇ।**

- ਨੰਗੇਜ਼ ਤਾਂ ਨੰਗੇਜ਼ ਹੈ। ਨੰਗੇਜ਼ ਮੁੱਖ ਦਾ ਵੀ ਮਾੜਾ ਨੰਗੇਜ਼ ਹੋਰ ਸਰੀਰ ਦੇ ਹਿੱਸੇ ਦਾ ਵੀ ਮਾੜਾ। ਸਾਨੂੰ ਸਾਰਿਆਂ ਨੂੰ ਇਹ ਹੰਭਲਾ ਮਾਰਨਾ ਪਊ ਇਕ ਪਲੇਟਫਾਰਮਾ ਤੇ ਇਕੱਠੇ ਹੋਈਏ ਫਿਰ ਪੰਜਾਬ ਦੀ ਗੈਰਤ ਬਚੂ ਨਹੀਂ ਤਾਂ ਗਲੀਆਂ ਵਿਚ ਲੀਰੋ-ਲੀਰ ਹੋਈ ਫਿਰਦੀ ਹੈ ਤੁਸੀਂ ਵੀ ਤਾਂ ਨਿੱਤ ਚੈਨਲਾਂ ਤੇ ਵੇਖਦੇ ਹੀ ਹੋ।

**? ਆਜ਼ਾਦੀ ਦਿਹਾੜੇ ਦੇ ਸੰਬੰਧ ਵਿਚ ਤੁਸੀਂ ਲੁਧਿਆਣਾ ਦੀ ਕੇਂਦਰੀ ਜੇਲ੍ਹ ਵਿਚ ਇਕ ਪ੍ਰੋਗਰਾਮ ਕੈਦੀਆਂ ਲਈ ਕੀਤਾ ਸੀ। ਉਥੇ ਤੁਸੀਂ ਢੱਡ 'ਤੇ ਸਾਰੰਗੀ ਨਾਲ ਗਾਇਆ ਕਿਸ ਤਰ੍ਹਾਂ ਮਹਿਸੂਸ ਕੀਤਾ।**

- ਤੁਸੀਂ ਵੇਖਿਆ ਸੀ ਪ੍ਰੋਗਰਾਮ, ਬਸ ਜਿਸ ਤਰ੍ਹਾਂ ਮਾਂ ਕੋਲ ਬੈਠ ਕੇ ਆਪਣੇ ਖੇਤ ਵਾਲੇ ਝੋਨੇ ਦੇ ਚੋਲਾਂ ਨੂੰ ਗੁੜ ਵਿਚ ਰਿਣ ਕੇ ਖਾਧਾ ਹੋਵੇ। ਉਸ ਤਰ੍ਹਾਂ ਦਾ ਜਾਇਕਾ ਆਇਆ ਮਨ ਸੁਆਦ-ਸੁਆਦ ਹੋ ਗਿਆ। ਇਹ ਸਾਜ ਇਕ ਵੱਖਰਾ ਹੀ ਸਕੂਨ ਦਿੰਦੇ ਹਨ।

**? ਹੋਰ ਕੁਝ ਕਹਿਣਾ ਚਾਹੋਗੇ।**

- ਬੱਸ ਮੈਂ ਨਿਮਾਣਾ ਤਾਂ ਕੁਲਵਿੰਦਰ ਇਹੋ ਹੀ ਜੋਦੜੀ ਕਰੂੰਗਾ ਹਮੇਸ਼ਾ ਮਿਲਕੇ ਰਹੂ ਇਹ ਮਾਨਸ ਜਾਤ ਵਾਰ-ਵਾਰ ਨਹੀਂ ਮਿਲਣੀ, ਵੈਰ ਈਰਖਾ ਸਭ ਨੂੰ ਮਨਾਂ ਵਿਚੋਂ ਕੱਢ ਦਿਉ ਪਿਆਰ ਅਤੇ ਸ਼ਾਂਤੀ ਨਾਲ ਜੀਉ ਤੇ ਜੀਣ ਦਿਓ।

**ਕੁਲਵਿੰਦਰ ਤਾਰੇਵਾਲਾ**
ਮੋ. 94179-77252